## ( True Translation From Hindi to Punjabi )

## ਪ੍ਰੈਸ ਸੂਚਨਾ

1. ਭਾਰਤ ਦੇ ਮਾਨਯੋਗ ਸੁਪ੍ਰੀਮ ਕੋਰਟ ਨੇ ਸੁਬਰਤ ਭੱਟਾਚਾਰੀਆ ਬਨਾਮ ਭਾਰਤੀਅ ਪ੍ਰਤੀਭੂਤੀ ਤੇ ਵਿਨਿਮਯ ਬੋਰਡ (ਸੇਬੀ) [ ਸਿਵਿਲ ਅਪੀਲ ਨੰ.13301/2015] ਦੇ ਮਾਮਲੇ ਵਿੱਚ ਅਤੇ ਹੋਰ ਸੰਬੰਧਤ ਮਾਮਲੀਆ ਵਿੱਚ 2 ਫਰਬਰੀ 2016 ਨੂੰ ਇਕ ਆਦੇਸ਼ ਪਾਰਿਤ ਕੀਤਾ ਸੀ। ਉਕਤ ਆਦੇਸ਼ਾਂ ਦੇ ਅਨੁਸਾਰ ਤੇ, ਭਾਰਤੀਅ ਪ੍ਰਤੀਭੂਤੀ ਤੇ ਵਿਨਿਮਯ ਬੋਰਡ (ਸੇਬੀ) ਨੂੰ, ਹੋਰ ਗੱਲਾਂ ਦੇ ਨਾਲ-ਨਾਲ, ਇਹ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਮਾਨਯੋਗ ਨਿਆਅਮੂਰਤੀ ਸ਼੍ਰੀ ਆਰ.ਐਮ.ਲੌਢਾ ( ਭਾਰਤ ਦੇ ਪੂਰਵ ਮੁੱਖ ਨਿਆਅਮੂਰਤੀ ) ਦੀ ਅਗੁਆਈ ਵਿੱਚ ਇੱਕ ਸਮੀਤੀ ਦਾ ਗਠਨ ਕਰੇ, ਤਾਂਕਿ ਪੀਏਸੀਐਲ ਲਿ. ਦੁਵਾਰਾ ਖਰੀਦੀ ਗਈ ਜਮੀਨ (ਲੈਂਡ) ਨੂੰ ਵੇਚੀਆਂ ( ਕੋ ਡਿਸਪੋਜ਼ ਆਫ ਕਿਤਾ) ਜਾ ਸਕੇ, ਜਿਸਦੇ ਨਾਲ ਕਿ ਵੇਚਣ ਤੋਂ ਮਿਲਣ ਵਾਲੀ ਰਕਮ (ਸੇਲ ਪ੍ਰੋਸੀਡਸ) ਤੋਂ ਉਨ੍ਹਾਂ ਨਿਵੇਸ਼ਕਾਂ ਨੂੰ ਭੁਗਤਾਨ ਕੀਤਾ ਜਾ ਸਕੇ, ਜਿਨ੍ਹਾਂ ਨੇ ਇਸ ਕੰਪਨੀ (ਪੀਏਸੀਐਲ ਲਿ.) ਵਿੱਚ ਅਪਣਾ ਪੈਸਾ ਲਗਾਇਆ ਸੀ।

2. ਤਦਨੁਸਾਰ, ਭਾਰਤੀਅ ਪ੍ਰਤੀਭੂਤੀ ਤੇ ਵਿਨਿਮਯ ਬੋਰਡ (ਸੇਬੀ) ਨੇ ਮਾਨਯੋਗ ਨਿਆਅਮੂਰਤੀ (ਰਿਟਾਇਰਡ) ਸ਼੍ਰੀ ਆਰ.ਐਮ.ਲੌਢਾ ਦੀ ਅਗੁਆਈ ਵਿੱਚ ਇਕ ਸਮੀਤੀ ਦਾ ਗਠਨ ਕੀਤਾ, ਤਾਂਕਿ ਪੀਏਸੀਐਲ ਦੀ ਸੰਪਤੀਆਂ ਨੂੰ ਵੇਚੀਆਂ ਜਾ ਸਕੇ ਅਤੇ ਵੇਚਣ ਤੋਂ ਮਿਲਣ ਵਾਲੀ ਰਕਮ (ਸੇਲ ਪ੍ਰੋਸੀਡਸ) ਦੇ ਨਾਲ ਉਨ੍ਹਾਂ ਨਿਵੇਸ਼ਕਾਂ ਨੂੰ ਧਨ-ਵਾਪਸੀ ਕੀਤੀ (ਰਿਫੰਡ ਕੀਤਾ) ਜਾ ਸਕੇ, ਜਿਨ੍ਹਾਂ ਨੇ ਪੀਏਸੀਐਲ ਵਿੱਚ ਆਪਣਾ ਪੈਸਾ ਲਗਾਇਆ ਸੀ।

3. ਉਪਰੋਕਤ ਅਨੁਸਾਰ ਗਠਿਤ ਸਮੀਤੀ ਨੇ ਇਹ ਤੇਅ ਕੀਤਾ ਕਿ ਹੁਣ ਤਕ ਜੋ ਰਕਮ ਸਮੀਤੀ ਦੁਆਰਾ ਵਸੂਲ ਕੀਤੀ ਹੈ ਉਸ ਦੇ ਨਾਲ ਪੀਏਸੀਐਲ ਨਿਵੇਸ਼ਕਾਂ ਨੂੰ ਧਨ-ਵਾਪਸ (ਰਿਫੰਡ) ਕਰਣ ਦੀ ਪਰਕ੍ਰਿਆ ਸ਼ੁਰੂ ਕੀਤੀ ਜਾ ਸਕੇ। ਸਮੀਤੀ ਨੇ ਇਹ ਫੈਸਲਾ ਲਿਆ ਕਿ ਉਹ ਸਬ ਤੋਂ ਪਹਿਲਾਂ ਉਨ੍ਹਾਂ ਨਿਵੇਸ਼ਕਾਂ ਤੋਂ ਦਾਵੇ ਪ੍ਰਾਪਤ ਕਰੇਗੀ ਜਿਨ੍ਹਾਂ ਦਾ ਪੀਏਸੀਐਲ ਦੇ ਪਾਸੋਂ ਤੇ 2,500 ਰੁਪਏ ਤਕ ਦਾ ਮੂਲਧਨ ਬਕਾਇਆ ਹੈ। ਇਹ ਵੀ ਸਾਫ ਕੀਤਾ ਜਾਦਾਂ ਹੈ ਕਿ ਅਜਿਹਾ ਜਰੂਰੀ ਨਹੀ ਹੈ ਕਿ ਦਾਵਾ ਕਰਣ ਵਾਲੇ ਹਰੇਕ ਨਿਵੇਸ਼ਕ ਨੂੰ 2,500 ਰੁਪਏ ਦੀ ਰਕਮ ਦੀ ਧਨ-ਵਾਪਸੀ ਕਰ ਦੀਤੀ ਜਾਵੇਗੀ (ਦਾ ਰਿਫੰਡ ਕਰ ਦੀਤਾ ਜਾਵੇਗਾ) ਕਿਉਂਕੀ ਧਨ-ਵਾਪਸੀ (ਰਿਫੰਡ) ਨੂੰ ਅਨੁਪਾਤਕ ਅਧਾਰ ਤੇ ਇਨ੍ਹਾਂ ਗਲਾਂ ਤੇ ਗੌਰ ਕਰਨ ਦੇ ਬਾਅਦ ਕੀਤੀ ਜਾਵੇਗੀ (ਕੀਤਾ ਜਾਵੇਗਾ) ਕਿ ਕਿਨੇ ਦਾਵੇ ਪ੍ਰਾਪਤ ਹੋਏ ਹਨ ਅਤੇ ਸਮੀਤੀ ਦੇ ਪਾਸ ਕਿਤਨਾ ਪੈਸਾ (ਫੰਡ) ਹੈ।

4. ਉਪਰੋਕਤ ਦੇ ਅਨੁਸਾਰ, ਜਿਨ੍ਹਾਂ ਨਿਵੇਸ਼ਕਾਂ ਦਾ ਪੀਏਸੀਐਲ ਦੇ ਪਾਸੋਂ ਤੇ 2,500 ਰੁਪਏ (ਪ੍ਰਤੀ ਨਿਵੇਸ਼ਕ) ਤਕ ਦਾ ਮੂਲਧਨ ਬਕਾਇਆ ਹੈ, ਕੇਵਲ ਉਨ੍ਹਾਂ ਨਿਵੇਸ਼ਕਾ ਤੋਂ ਇਹ ਕਿਹਾ ਜਾਂਦਾਂ ਹੈ ਕਿ ਉਹ ਹੇਠਲਿਖੇ ਅਨੁਸਾਰ ਜਾਨਕਾਰੀ ਭੇਜੇ। ਉਹ ਜਾਂ ਤਾਂ ਇਹ ਜਾਨਕਾਰੀ ਐਸਐਮਐਸ ਦੇ ਰਾਂਹੀ 562632 ਤੇ ਭੇਜ ਸਕਦੇ ਹਨ ਜਾਂ ਫਿਰ ਇਨ੍ਹਾਂ ਜਾਨਕਾਰੀਆਂ ਨੂੰ ਵੇਬਸਾਇਟ ( http://sebicommitteepaclrefund.com/ ) ਤੇ ਅਪਲੋਡ ਕਰ ਸਕਦੇ ਹਨ।

* ਨਿਵੇਸ਼ਕ ਦਾ ਨਾਂ ( ਪੀਏਸੀਐਲ ਦੇ ਪ੍ਰਮਾਣਪਤੱਰ ਦੇ ਅਨੁਸਾਰ )
* ਦਾਵੇ ਦੀ ਰਕਮ ( ਰੁਪਏ ਵਿੱਚ )
* ਦਾਵਾ ਕਰਣ ਵਾਲੇ ਦਾ ਮੋਬਾਇਲ ਨੰਬਰ,
* ਪੀਏਸੀਐਲ ਸਕੀਮ ਪੇਮੇਂਟ ਦਾ ਰਜਿਸਟ੍ਰੇਸ਼ਨ ਨੰਬਰ,
* ਪੀਏਸੀਐਲ ਦੇ ਪ੍ਰਮਾਣਪਤੱਰ ਦੀ ਸਕੈਨ ਕੀਤੀ ਹੋਈ ਕਾਪੀ,
* ਆਧਾਰ ਕਾਰਡ / ਪੈਨ ਨੰਬਰ,
* ਬੈਂਕ ਖਾਤਾ ਨੰਬਰ ਅਤੇ ਆਈਐਫਐਸਸੀ ਕੋਡ,
* ਕਿਆਂ ਦਾਵਾ ਕਰਨ ਵਾਲੇ ਨਿਵੇਸ਼ਕ ਨੂੰ ਪੀਏਸੀਐਲ ਦੁਆਰਾ ਜਮੀਨ (ਲੈਂਡ) ਦੀ ਅਲਾਟ ਕਰ ਦੀਤੀ ਗਈ ਹੈ,
* ਪੈਨ ਕਾਰਡ / ਆਧਾਰ ਕਾਰਡ ਦੀ ਸਕੈਨ ਕੀਤੀ ਹੋਈ ਕਾਪੀ, ਅਤੇ
* ਬੈਂਕ ਖਾਤੇ ਦੇ ਵੇਰਵੇ (ਸਬ ਤੋਂ ਅਖੀਰ ਦੇ) ਦੀ ਸਕੈਨ ਕੀਤੀ ਹੋਈ ਕਾਪੀ, ਜਿਸ ਵਿੱਚ ਪਿਛਲੇ ਤਿੰਨ ਲੇਣਦੇਣ (ਟ੍ਰਾਂਜੇਕਸ਼ਨ) ਦਰਸਾਏ ਹੋਣ [ ਬਿਨੇਕਾਰ ਇਹ ਭੀ ਸਾਫ ਕਰੇ ਕਿ ਅਪਲੋਡ ਕੀਤੇ ਹੋਏ ਬੈਂਕ ਖਾਤੇ ਦੇ ਵੇਰਵੇ (ਸਬ ਤੋਂ ਅਖੀਰ ਦੇ) ਵਿੱਚ ਨਾਂ,ਪਤਾਂ, ਬੈਂਕ ਖਾਤਾ ਨੰਬਰ ਅਤੇ ਆਈਐਫਐਸਸੀ ਕੋਡ ਸਾਫ-ਸਾਫ ਦਿਖ ਰਿਹਾ ਹੋਵੇ] ।

ਇਸ ਸੰਬੰਧ ਵਿੱਚ, ਧਨ-ਵਾਪਸੀ (ਰਿਫੰਡ) ਵਾਸਤੇ ਬਿਨੇ-ਪਤੱਰ ਦਿੱਤੇ ਜਾਣ ਦੀ ਪਰਕ੍ਰਿਆ ਬਤਾਉਣ ਵਾਲਾ ਇਕ ਡੇਮੋ ਵੀਡਿਓ ਵੇਬਸਾਇਟ ( http://sebicommitteepaclrefund.com/ ) ਤੇ ਦਿੱਤਾ ਗਿਆ ਹੈ, ਜਿਸ ਨੂੰ ਬਿਨੇ-ਪੱਤਰ ਕਰਨ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ। ਨਿਵੇਸ਼ਕ ਧਨ-ਵਾਪਸੀ (ਰਿਫੰਡ) ਲਈ ਕਿਤੇ ਗਏ ਅਪਣੇ ਬਿਨੇ-ਪਤਰਾਂ ਦੀ ਸਥਿਤੀ ਦੀ ਜਾਨਕਾਰੀ ਲਈ <044-395-71985> ਤੇ ਸੰਪਰਕ (ਫੋਨ) ਭੀ ਕਰ ਸਕਦੇ ਹਨ।

5. ਨਿਵੇਸ਼ਕ ਕਿਰਪਾ ਕਰਕੇ ਇਹ ਨੋਟ ਕਰ ਲੈਂ ਕਿ ਉਹ ਕੇਵਲ ਪੈਰਾ 4 ਵਿੱਚ ਮੰਗੀ ਗਈ ਜਾਨਕਾਰੀ ਹੀ ਭੇਜੇ ਅਤੇ ਇਹ ਜਾਨਕਾਰੀ ਠੀਕ ਉਸੇ ਤਰ੍ਹਾਂ ਦੀ ਭਿਜਵਾਏ ਜਿਵੇਂ ਦੱਸੀ ਗਈ ਹੈ। ਨਾਲ ਹੀ, ਨਿਵੇਸ਼ਕਾਂ ਨੂੰ ਇਸ ਗੱਲ ਦੀ ਚੇਤਾਵਨੀ ਦੀਤੀ ਜਾਂਦੀ ਹੈ ਕਿ ਉਹ ਅਪਣੇ ਪੀਏਸੀਐਲ ਰਜਿਸਟ੍ਰੇਸ਼ਨ ਦੇ ਪ੍ਰਮਾਣਪਤ੍ਰਾਂ ਦੀ ਅਸਲ ਕਾਪੀਆਂ ਕਿਸੇ ਨੂੰ ਨਾ ਦੇਣ, ਜਦੋਂ ਤਕ ਕਿ ਉਨ੍ਹਾਂ ਨੂੰ ਸਮੀਤੀ ਵਲੋਂ ਇਸ ਬਾਰੇ ਖਾਸ ਤੌਰ ਤੇ ਕੋਈ ਸੂਚਨਾ ਪ੍ਰਾਪਤ ਨਾ ਹੋਵੇ।

6. ਧਨ-ਵਾਪਸੀ (ਰਿਫੰਡ) ਦੇ ਲਈ ਬਿਨੇ-ਪੱਤਰ ਪ੍ਰਾਪਤ ਕਰਣ ਦੀ ਆਖਰੀ ਤਾਰੀਖ 28 ਫਰਵਰੀ, 2018 ਹੈ।

XXXXXX